# ਵਿੱਤੀ ਬਿੱਡ ਖੋਲਣ ਦੀ ਕਾਰਵਾਈ

ਟੈਂਡਰ ਕੇਸ ਬਾਬਤ Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.75 ਲੱਖ ਰੁਪਏ, ਜਮਾਨਤੀ ਰਕਮ ਰੁਪਏ 35.99 ਲੱਖ ਅਤੇ ਸਮਾਂ 6 ਮਹੀਨੇ ਦੇ ਟੈਂਡਰ ਇਸ ਦਫਤਰ ਦੇ ਬਿੱਡ ਨੋਟਿਸ ਨੰ: 05 ਮਿਤੀ 02.05.2025 ਰਾਂਹੀ ਰੀ-ਕਾਲ ਕੀਤੇ ਗਏ ਸਨ। ਟੈਂਡਰ ਡਾਕੂਮੈਂਟਸ ਮਿਤੀ 22.05.2025 ਨੂੰ ਸਵੇਰੇ 11:00 ਵਜੇ ਤੱਕ ਵੈਬਸਾਇਟ www.eprocure.gov.in ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 23.05.2025 ਨੂੰ ਸਵੇਰੇ 11:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ। ਮਿਤੀ 23.05.2025 ਨੂੰ ਸਵੇਰੇ 11:00 ਵਜੇ ਉਪਰੋਕਤ ਵੈਬਸਾਇਟ ਤੋਂ ਪ੍ਰਾਪਤ ਹੋਇਆ ਟੈਕਨੀਕਲ ਬਿੱਡਾ ਡਾਊਨਲੋਡ ਕੀਤੀਆਂ ਗਈਆਂ।ਇਸ ਕੰਮ ਲਈ 07 ਨੰਬਰ ਏਜੰਸੀਆਂ ਵੱਲੋ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਹਨ, ਜਿਨ੍ਹਾਂ ਵਿੱਚੋ ਹੇਠ ਲਿਖੀ ਕੇਵਲ ਇੱਕ ਹੀ ਏਜੰਸੀ ਨੂੰ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਰਿਸਪੋਨਸਿਵ ਡਿਕਲੇਅਰ ਕੀਤਾ ਗਿਆ ਅਤੇ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No. | Contractor Name |
|---|---|
| 1. | M/s Allone Infra Pvt. Ltd., Patiala |

ਉਕਤ ਏਜੰਸੀ ਦੀ ਵਿੱਤੀ ਬਿੱਡ ਮਿਤੀ 16-06-25 ਨੂੰ ਦੁਪਹਿਰ 4:00 ਵਜੇ ਦਫਤਰ ਕਾਰਜਕਾਰੀ ਇਜੀਨੀਅਰ, ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ ਵਿਖੇ ਡਾਊਨਲੋਡ ਕੀਤੀ ਗਈ। ਵਿੱਤੀ ਬਿੱਡਾਂ ਅਨੁਸਾਰ ਏਜੰਸੀ ਵੱਲੋ ਪਾਏ ਗਏ ਰੇਟ ਹੇਠ ਲਿਖੇ ਅਨੁਸਾਰ ਹਨ:-

| Sr. No. | Contractor Name | Rate in % | Quoted Amount in Rs |
|---|---|---|---|
| 1. | M/s Allone Infra Pvt. Ltd., Patiala | -7.75 | 166025622.44 |

ਏਜੰਸੀ ਵੱਲੋ ਦਿੱਤੇ ਗਏ ਰੇਟਾਂ ਨੂੰ ਵਿਚਾਰਦੇ ਹੋਏ ਇਸ ਦਫਤਰ ਦੇ ਪੱਤਰ ਨੰ: 356 ਮਿਤੀ 16-6-25 ਰਾਹੀ ਏਜੰਸੀ ਨੂੰ ਆਪਣੇ ਰੇਟ ਹੋਰ ਘਟਾਉਣ ਲਈ ਪ੍ਰੇਰਿਤ ਕੀਤਾ ਗਿਆ। ਏਜੰਸੀ ਵੱਲੋ ਆਪਣੀ ਅੰਡਰਟੇਕਿੰਗ ਮਿਤੀ 17-06-2025 ਰਾਹੀ ਮਾਰਕਿਟ ਵਿੱਚ ਮਟੀਰੀਅਲ ਦੇ ਰੇਟ ਬਹੁਤ ਵੱਧ ਹੋਣ ਕਾਰਣ ਆਪਣੇ ਟੈਂਡਰ ਵਿਚਲੇ ਰੇਟ ਹੋਰ ਘਟਾਉਣ ਵਿੱਚ ਅਸਮਰਥਤਾ ਜ਼ਾਹਿਰ ਕੀਤੀ ਹੈ, ਪ੍ਰੰਤੂ ਇੱਥੇ ਇਹ ਵਰਣਨਯੋਗ ਹੈ ਕਿ ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ ਵਿਖੇ ਹੋਰ ਵੱਖ-ਵੱਖ ਰੋਡ ਵਰਕਸ ਲਈ ਪ੍ਰਾਪਤ ਹੋਣ ਵਾਲੇ ਟੈਂਡਰ ਹੁਣ ਤੱਕ ਲਗਭਗ 29.01% ਤੱਕ ਘੱਟ ਰੇਟ ਤੇ ਵੀ ਪ੍ਰਾਪਤ ਹੋ ਚੁੱਕੇ ਹਨ ਅਤੇ ਇਹ ਰੇਟ ਵੀ ਮਾਰਕਿਟ ਵਿੱਚ ਚੱਲ ਰਹੇ ਮਟੀਰੀਅਨ ਅਨੁਸਾਰ ਹੀ ਪ੍ਰਾਪਤ ਹੋਏ ਹਨ, ਜਿਸ ਕਾਰਨ ਮੈ/ਸ: ਆਲਵਨ ਇੰਨਡਰਾ ਪ੍ਰਾ: ਲਿਮ:, ਪਟਿਆਲਾ ਵੱਲੋ ਪ੍ਰਾਪਤ ਹੋਏ ਰੇਟ -7.75% ਵਾਜਿਬ ਨਹੀ ਜਾਪਦੇ ਅਤੇ ਕਿਸੇ ਵੀ ਹਾਲ ਵਿੱਚ competitive ਨਹੀ ਹਨ ਅਤੇ ਇਸ ਰੇਟ ਤੇ ਸਬੰਧਤ ਏਜੰਸੀ ਨੂੰ ਕੰਮ ਅਲਾਟ ਕਰਨਾ ਸਰਕਾਰ ਦੇ ਵਿੱਤੀ ਹਿੱਤਾਂ ਦੇ ਪੱਖ ਵਿੱਚ ਨਹੀ ਜਾਪਦਾ।

ਉਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋਂ ਇਸ ਕੰਮ ਦਾ ਟੈਂਡਰ ਰੀ-ਕਾਲ ਕਰਨ ਲਈ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਸੰਗਰੂਰ ਨੂੰ ਅਗਲੇਰੀ ਕਾਰਵਾਈ ਲਈ ਹਦਾਇਤ ਕੀਤੀ ਗਈ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ ਭ ਤੇ ਮ ਸ਼ਾਖਾ,
ਸੰਗਰੂਰ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ,ਭ ਤੇ ਮ ਸ਼ਾਖਾ,
ਫਰੀਦਕੋਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ),
ਅੰਦਰੂਨੀ ਪੜਤਾਲ ਸੰਸਥਾ (ਮਾਲ),
ਸੰਗਰੂਰ।